ਪ੍ਰ. (2)

# ਪੰਜਾਬੀ ਸੂਫ਼ੀ ਕਾਵਿ ਦੇ ਵਿਕਾਸ ਪੜਾਅ

'ਸੂਫ਼ੀ' ਸ਼ਬਦ ਅਰਬੀ ਭਾਸ਼ਾ ਦਾ ਸ਼ਬਦ ਹੈ। ਇਹ ਸ਼ਬਦ ਸੂਫ਼ ਤੋਂ ਨਿਕਲਿਆ ਹੈ ਜਿਸ ਦਾ ਅਰਥ ਹੈ "ਕਾਲਾ ਕੰਬਲ" ਕਿਉਂਕਿ ਇਸਲਾਮੀ ਫ਼ਕੀਰ ਅਤੇ ਦਰਵੇਸ਼ ਕਾਲੀ ਉੱਨ ਦੇ ਕੱਪੜੇ ਪਹਿਨਦੇ ਸਨ। ਇਹ ਉਹਨਾਂ ਦੀ ਧਾਰਮਿਕ ਸਾਦਗੀ ਦਾ ਚਿੰਨ੍ਹ ਹੈ। ਇਸ ਨੂੰ ਪਹਿਨਣ ਵਾਲਿਆਂ ਦਾ ਨਾਂ ਸੂਫ਼ੀ ਪੈ ਗਿਆ।

'ਸੂਫ਼ੀ' ਸ਼ਬਦ ਦੀ ਉਤਪਤੀ ਤੇ ਅਰਥਾਂ ਸੰਬੰਧੀ ਵਿਦਵਾਨਾਂ ਨੇ ਅਨੇਕਾਂ ਵਿਚਾਰ ਪ੍ਰਗਟਾਏ ਹਨ। ਹਰ ਵਿਦਵਾਨ ਨੇ ਇਹ ਕੋਸ਼ਿਸ਼ ਕੀਤੀ ਹੈ ਕਿ ਉਸਦੇ ਵਿਚਾਰ ਪ੍ਰਮਾਣਿਕ ਹਨ। 'ਸੂਫ਼ੀ' ਸ਼ਬਦ 'ਸੂਫ਼' ਤੋਂ ਲਿਆ ਗਿਆ ਹੈ। ਇਸ ਦੀ ਪੁਸ਼ਟੀ ਸ਼ਬਦ ਪਸ਼ਮੀਨਾ ਪੋਸ਼ ਤੋਂ ਵੀ ਹੋ ਜਾਂਦੀ ਹੈ। ਜਿਸ ਦਾ ਭਾਵ ਹੈ ਉੱਨ ਦੇ ਬਸਤਰ ਧਾਰਨ ਕਰਨ ਵਾਲਾ।

ਡਾ. ਮਹਿੰਦਰਪੀਰ ਅੰਗਰੇਜ਼ੀ ਵਿਦਵਾਨ ਬ੍ਰਾਊਨ ਅਤੇ ਨਿਕਲਸਨ ਦੇ ਵਿਚਾਰਾਂ ਦਾ ਹਵਾਲਾ ਦਿੰਦੇ ਲਿਖਦੇ ਹਨ :→

"'ਸੂਫ਼ੀ' ਸ਼ਬਦ ਯੂਨਾਨੀ ਸ਼ਬਦ 'ਸੋਫ਼ੋਸ' (Saphas) ਵਿੱਚੋਂ ਨਿਕਲਿਆ ਹੈ ਜਿਸ ਦਾ ਅਰਥ ਹੈ ਬੁੱਧੀ। ਸੂਫ਼ੀ ਉਹ ਹੈ ਜਿਸ ਦੀ ਬੁੱਧੀ ਪ੍ਰਕਾਸ਼ਿਤ ਹੋ ਚੁੱਕੀ ਹੈ।"

ਸੂਫ਼ੀਵਾਦ ਇਸਲਾਮ ਵਿੱਚੋਂ ਉਪਜੀ ਇੱਕ ਲਹਿਰ ਸੀ ਜਿਸਨੇ ਸਤਵੀਂ ਅੱਠਵੀਂ ਸਦੀ ਵਿੱਚ ਜ਼ੋਰ ਗ੍ਰਹਿਣ ਕੀਤੀ। ਹਸਨ-ਅਲ-ਬਸਰੀ, ਇਬਰਾਹਿਮ-ਬਿਨ-ਆਦਮ, ਰਾਬੀਆ-ਅਲ-ਬਸਰੀ ਆਦਿ ਮੁੱਢਲੇ ਸੂਫ਼ੀ ਸਾਧਕ ਹੋਏ ਹਨ। ਇਨ੍ਹਾਂ ਸੂਫ਼ੀਆਂ ਨੇ ਸੂਫ਼ੀਵਾਦ ਦੇ ਪ੍ਰਚਾਰ ਤੇ ਪ੍ਰਸਾਰ ਲਈ ਤਿਆਗ ਦਾ ਰਾਹ ਚੁਣਿਆ।

ਇਨ੍ਹਾਂ ਤਿਆਗਵਾਦੀ ਸੂਫ਼ੀ ਸਾਧਕਾਂ ਨੇ ਖੁਦੀ ਨੂੰ ਬੰਦਗੀ ਵਿੱਚ ਇੰਨ੍ਹਾਂ ਜਿਆਦਾ ਲੀਨ ਕਰ ਲਿਆ ਸੀ ਕਿ ਇਨ੍ਹਾਂ ਨੂੰ ਦੈਵੀ ਰਮਜ਼ ਦੀ ਅਨੁਭਵ ਹੋਣ ਲੱਗ ਪਿਆ ਸੀ।

## ਡਾ. ਹਰਜਿੰਦਰ ਸਿੰਘ ਢਿੱਲੋਂ ਅਨੁਸਾਰ :→

'ਸੂਫ਼ੀਵਾਦ ਇੱਕ ਅਜਿਹੀ ਇਸਲਾਮੀ ਰਹੱਸ-ਵਾਦੀ ਚਿੰਤਨਧਾਰਾ ਹੈ ਜਿਸ ਵਿਚ ਸਾਧਕ ਇੰਦਰੀਆਂ ਉੱਤੇ ਨਿਯੰਤਰਣ ਕਰਦਿਆਂ ਆਤਮਿਕ ਅਤੇ ਸਰੀਰਕ ਪਵਿੱਤਰਤਾ ਜ਼ਰੀਏ ਰੱਬ ਪ੍ਰਤੀ ਪ੍ਰੇਮ ਉਪਾਸਨਾ ਰਾਹੀਂ ਉਸ ਵਿਚ ਸਮਾ ਜਾਂਦਾ ਹੈ।

## ਪੰਜਾਬੀ ਸੂਫ਼ੀ ਕਾਵਿ ਦੇ ਵਿਕਾਸ ਪੜਾਅ :→

ਪੰਜਾਬੀ ਸੂਫ਼ੀ ਕਾਵਿ ਨੂੰ ਵਿਕਸਿਤ ਕਰਨ ਵਿਚ ਸੂਫ਼ੀ ਕਵੀਆਂ ਦਾ ਵਿਸ਼ੇਸ਼ ਯੋਗਦਾਨ ਹੈ। ਪੰਜਾਬੀ ਸੂਫ਼ੀ ਕਾਵਿ ਦਾ ਆਗਾਜ਼ ਸ਼ੇਖ਼ ਫ਼ਰੀਦ ਜੀ ਦੀ ਰਚਨਾ ਨਾਲ ਹੋਇਆ ਹੈ।

## ਡਾ. ਹਰਪ੍ਰੀਤ ਰੂਬੀ ਦੇ ਸ਼ਬਦਾਂ ਵਿੱਚ,

"ਇਸਲਾਮ ਦੇ ਪ੍ਰਚਾਰਕਾਂ ਵਿਚੋਂ ਬਾਬਾ ਸ਼ੇਖ਼ ਫ਼ਰੀਦ ਅਜਿਹੇ ਸੂਫ਼ੀ ਫ਼ਕੀਰ ਸੀ ਜਿਸ ਨੇ ਸਭ ਤੋਂ ਪਹਿਲਾ ਪੰਜਾਬੀ ਭਾਸ਼ਾ ਵਿਚ ਕਾਵਿ-ਰਚਨਾ ਕੀਤੀ। ਇਥੋਂ ਹੀ ਪੰਜਾਬੀ ਸੂਫ਼ੀ ਕਾਵਿ ਦਾ ਮੁੱਢ ਬੱਝਦਾ ਹੈ।"

ਬਾਬਾ ਸ਼ੇਖ਼ ਫ਼ਰੀਦ ਤੋਂ ਬਾਅਦ ਸ਼ਾਹ ਹੁਸੈਨ, ਸੁਲਤਾਨ ਬਾਹੂ, ਬੁੱਲ੍ਹੇ ਸ਼ਾਹ, ਅਲੀ ਹੈਦਰ, ਫ਼ਰਦ ਫ਼ਕੀਰ, ਹਾਸ਼ਮ ਸ਼ਾਹ, ਗੁਲਾਮ ਫ਼ਰੀਦ ਅਤੇ ਮੀਰਾਂ ਸ਼ਾਹ ਜਲੰਧਰੀ ਆਦਿ ਸੂਫ਼ੀ ਕਵੀਆਂ ਨੇ ਪੰਜਾਬੀ ਸੂਫ਼ੀ ਕਾਵਿ ਨੂੰ ਵਿਕਾਸ ਦੀ ਸਿਖਰ ਤੇ ਤੋਰਨ ਵਿਚ ਆਪਣੀ ਕਲਮ ਆਪਣੀ ਰਚਨਾ ਨਾਲ ਯੋਗਦਾਨ ਪਾਇਆ। ਲਗਭਗ ਸਦੀਆਂ ਦੇ ਸਫ਼ਰ ਤੋਂ ਬਾਅਦ ਪੰਜਾਬੀ ਸੂਫ਼ੀ ਕਾਵਿ ਧਾਰਾ ਅਜਿਹੀ ਕਾਵਿ ਧਾਰਾ ਸੀ, ਜਿਸ ਦਾ ਪ੍ਰਭਾਵ ਗੁਰਮਤਿ ਕਾਵਿ ਅਤੇ

ਕਿੱਸਾ ਕਾਵਿ ਆਦਿ ਨੂੰ ਰਚਿਆ ਸੀ। ਪੰਜਾਬੀ ਸਾਹਿਤ ਦੇ ਇਤਿਹਾਸ ਵਿੱਚ ਪੰਜਾਬੀ ਸੂਫ਼ੀ ਕਾਵਿ ਦਾ ਵਿਸ਼ੇਸ਼ ਅਤੇ ਵਿਲੱਖਣ ਸਥਾਨ ਹੈ।

## ਡਾ. ਹਰਜਿੰਦਰ ਸਿੰਘ ਢਿੱਲੋਂ ਅਨੁਸਾਰ :→

"ਸਮੁੱਚੀ ਪੰਜਾਬੀ ਸੂਫ਼ੀ ਕਵਿਤਾ ਦੀ ਮੂਲ ਭਾਵਨਾ ਭਾਵੇਂ ਰਹੱਸਵਾਦੀ ਹੈ, ਪਰੰਤੂ ਉਹ ਸਭ ਕਵੀ ਦੇ ਨਿੱਜੀ ਵਿਅਕਤੀਤਵ ਅਤੇ ਨਿੱਜੀ ਅਨੁਭਵ ਅਨੁਸਾਰ ਰੂਪਮਾਨ ਹੋਈ। ਸਾਰੇ ਪੰਜਾਬੀ ਸੂਫ਼ੀ ਕਵੀਆਂ ਨੇ ਆਪਣੇ ਪ੍ਰੀਤਮ ਦੇ ਵਿਯੋਗ ਵਿਚ ਤੜਪਦੀ ਆਤਮਾ ਨੂੰ ਸਾਂਝੇ ਰੂਪ ਵਿਚ ਸਾਕਾਰ ਕੀਤਾ ਹੈ। ਪਰੰਤੂ ਉਹਨਾਂ ਸਭ ਨੇ ਆਪਣੇ ਰਹੱਸਵਾਦੀ ਅਨੁਭਵ ਨੂੰ ਭਿੰਨ-ਭਿੰਨ ਕਾਵਿ ਰੂਪਾਂ ਦੁਆਰਾ ਮੂਰਤੀਮਾਨ ਕੀਤਾ। ਪੰਜਾਬੀ ਭਾਸ਼ਾ ਵਿਚ ਸੂਫ਼ੀ ਰਹੱਸਵਾਦੀ ਭਾਵਨਾ ਦਾ ਪ੍ਰਗਟਾ ਕਰਨ ਵਾਲਿਆਂ ਸਭ ਤੋਂ ਪਹਿਲਾ ਕਵੀ ਬਾਬਾ ਫ਼ਰੀਦ ਸ਼ਕਰ-ਗੰਜ ਹੈ।

### ਪ੍ਰਮੁੱਖ ਪੰਜਾਬੀ ਸੂਫ਼ੀ ਕਵੀ

- ਸ਼ੇਖ਼ ਫ਼ਰੀਦ
- ਸ਼ਾਹ ਹੁਸੈਨ
- ਸੁਲਤਾਨ ਬਾਹੂ
- ਸ਼ਾਹ ਸ਼ਰਫ਼
- ਵਜੀਦ
- ਬੁੱਲ੍ਹੇ ਸ਼ਾਹ
- ਅਲੀ ਹੈਦਰ
- ਫ਼ਰਦ ਫ਼ਕੀਰ
- ਹਾਸ਼ਮ ਸ਼ਾਹ
- ਮੀਰਾਂ ਸ਼ਾਹ ਜਲੰਧਰੀ
- ਗ਼ੁਲਾਮ ਫ਼ਰੀਦ ਚਾਚੜਾਂ

## ਸ਼ੇਖ਼ ਫ਼ਰੀਦ (1173-1266 ਈ.)

ਸ਼ੇਖ਼ ਫ਼ਰੀਦ ਜੀ ਨੂੰ ਸੂਫ਼ੀ ਕਾਵਿ ਦਾ ਮੋਢੀ ਹੋਣ ਦਾ ਮਾਣ ਹਾਸਿਲ ਹੈ। ਫ਼ਰੀਦ ਜੀ ਚਿਸ਼ਤੀ ਸੰਪ੍ਰਦਾਇ ਦੇ ਅਨੁਯਾਈ ਸਨ। ਉਨ੍ਹਾਂ ਨੇ 112 ਸਲੋਕ ਅਤੇ 4 ਸ਼ਬਦਾਂ (ਦੋ ਰਾਗ ਆਸਾ ਅਤੇ ਦੋ ਰਾਗ ਸੂਹੀ) ਦੀ ਰਚਨਾ ਕੀਤੀ। ਇਹ ਰਚਨਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੈ, ਕਿਉਂਕਿ ਇਹ ਰਚਨਾ ਗੁਰਮਤਿ ਸਿਧਾਂਤਾਂ ਦੇ ਅਨੁਕੂਲ ਹੈ। ਇਸ ਤਰ੍ਹਾਂ ਫ਼ਰੀਦ ਜੀ ਦੀ ਬਾਣੀ ਨੂੰ ਗੁਰਮਤਿ ਅਤੇ ਸੂਫ਼ੀ ਦੋਹਾਂ ਕਾਵਿ ਰੂਪਾਂ ਵਿਚ ਸਨਮਾਨ ਯੋਗ ਸਥਾਨ ਪ੍ਰਾਪਤ ਹੈ। ਫ਼ਰੀਦ ਜੀ ਦੀ ਬਾਣੀ ਸੰਸਾਰ ਸਰੀਰ ਦੀ ਨਾਸ਼ਮਾਨਤਾ, ਖ਼ੁਦਾ ਦੀ ਬੰਦਗੀ, ਸਰਮਾਏ ਦੀ ਫੋਕ ਆਦਿ ਵਿਸ਼ਿਆਂ 'ਤੇ ਆਧਾਰਿਤ ਹੈ। ਫ਼ਰੀਦ ਜੀ ਨੇ ਇਸਲਾਮੀ ਚਿੰਤਨ ਦਾ ਪੂਰਾ ਪ੍ਰਭਾਵ ਕਬੂਲਿਆ ਸੀ। ਉਹ ਇਸਲਾਮੀ ਸਿਧਾਂਤ (ਸ਼ਰੀਅਤ, ਤਰੀਕਤ, ਹਕੀਕਤ ਤੇ ਮਾਰਫ਼ਤ) ਅਨੁਸਾਰ ਜੀਵਨ ਬਤੀਤ ਕਰਦੇ ਸਨ। ਅਜਿਹਾ ਕਰਨਾ ਉਹ ਆਪਣਾ ਨੈਤਿਕ ਫ਼ਰਜ਼ ਸਮਝਦੇ ਸਨ। ਉਹ ਲਿਖਦੇ ਹਨ:

ਫਰੀਦਾ ਬੇ ਨਿਵਾਜਾ ਕੁਤਿਆ ਏਹ ਨ ਭਲੀ ਰੀਤਿ ॥
ਕਬਹੀ ਚਲਿ ਨ ਆਇਆ ਪੰਜੇ ਵਖਤ ਮਸੀਤਿ ॥

ਫ਼ਰੀਦ ਬਾਣੀ ਵਿਸ਼ੇ ਦੇ ਨਾਲ-ਨਾਲ ਰੂਪਕ ਪੱਖੋਂ ਵੀ ਮਹਾਨ ਹੈ। ਉਨ੍ਹਾਂ ਨੇ ਆਪਣੇ ਵਿਚਾਰਾਂ ਨੂੰ ਖ਼ੂਬਸੂਰਤ ਅਲੰਕਾਰਾਂ, ਰਸ, ਬਿੰਬਾਂ ਅਤੇ ਪ੍ਰਤੀਕਾਂ ਰਾਹੀਂ ਰੂਪਮਾਨ ਕੀਤਾ ਹੈ। ਭਾਸ਼ਾ ਸ਼ੈਲੀ ਪੱਖੋਂ ਪੰਜਾਬੀ, ਉਰਦੂ-ਫ਼ਾਰਸੀ, ਹਿੰਦੀ ਅਤੇ ਮੁਲਤਾਨੀ ਆਦਿ ਦਾ ਸੁਮੇਲ ਹੈ। ਫ਼ਰੀਦ ਬਾਣੀ ਦੀ ਵਿਲੱਖਣਤਾ ਇਹ ਹੈ ਕਿ ਉਹਨਾਂ ਪੰਜਾਬੀ ਜਨ-ਜੀਵਨ, ਮੁਹਾਵਰੇ ਅਤੇ ਕੁਦਰਤੀ ਵਰਤਾਰੇ 'ਚੋਂ ਪ੍ਰਤੀਕ ਲੈ ਕੇ ਹੀ ਕਾਵਿ ਰਚਨਾ ਦੀ ਸਿਰਜਣਾ ਕੀਤੀ ਜੋ ਆਮ ਸਾਧਾਰਨ ਮਨੁੱਖ ਵੀ ਸਹਿਜ ਸੁਭਾਅ ਹੀ ਸਮਝ ਲੈਂਦਾ ਹੈ।

## ਸ਼ਾਹ ਹੁਸੈਨ (1538-1599 ਈ.)

ਫ਼ਰੀਦ ਜੀ ਤੋਂ

M T W T F S S
Page No.:
Date:
RSM

ਪੰਜਾਬੀ ਕਾਵਿ-ਪਰੰਪਰਾ ਨੂੰ ਅੱਗੇ ਤੋਰਨ ਵਾਲਾ ਦੂਸਰਾ ਮਹਾਨ ਸੂਫ਼ੀ ਕਵੀ ਸ਼ਾਹ ਹੁਸੈਨ ਹੈ। ਸ਼ਾਹ ਹੁਸੈਨ ਮਲਾਮਤੀ ਸੰਪਰਦਾਇ ਦਾ ਸਾਧਕ ਸੀ। ਸ਼ਾਹ ਹੁਸੈਨ ਨੇ ਆਪਣੇ ਵਿਚਾਰਾਂ ਦੀ ਪੇਸ਼ਕਾਰੀ 'ਕਾਫ਼ੀ' ਕਾਵਿ ਰੂਪ ਰਾਹੀਂ ਵਧੇਰੇ ਕੀਤੀ ਹੈ। ਸ਼ਾਹ ਹੁਸੈਨ ਨੇ ਲਗਭਗ 165 ਕਾਫ਼ੀਆਂ ਦੀ ਰਚਨਾ ਕੀਤੀ ਹੈ। ਆਪ ਦੀ ਰਚਨਾ ਦਾ ਵਿਸ਼ਾ ਵੀ ਇਸ਼ਕ ਵਿਰਹਾ, ਸੰਸਾਰ ਦੀ ਨਾਸ਼ਮਾਨਤਾ, ਮੁਰਸ਼ਦ ਪਿਆਰ ਲਈ ਵਿਆਕੁਲਤਾ ਆਦਿ ਨਾਲ ਸਬੰਧਿਤ ਹੈ। ਸ਼ਾਹ-ਹੁਸੈਨ ਨੇ ਆਤਮਾ-ਪ੍ਰਮਾਤਮਾ ਦੇ ਵਸਲ-ਵਿਛੂਰ ਨੂੰ ਬਿਆਨ ਕਰਨ ਲਈ 'ਹੀਰ-ਰਾਂਝਾ' ਪ੍ਰਤੀਕ ਵਰਤੇ ਹਨ ਜਿਵੇਂ →

ਮਾਹੀ ਮਾਹੀ ਕੂਕਦੀ ਮੈਂ ਆਪੇ ਰਾਂਝਣ ਹੋਈ। [illegible]
ਰਾਂਝਣ-ਰਾਂਝਣ ਸਭ ਕੋਈ ਮੈਨੂੰ ਆਖੋ, ਹੀਰ ਨਾ ਆਖੋ ਕੋਈ।

ਸ਼ਾਹ ਹੁਸੈਨ ਨੇ ਇਸ਼ਕ (ਵਿਛੋੜੇ) ਨੂੰ ਬਿਲੀ ਖ਼ੂਬਸੂਰਤੀ ਨਾਲ ਬਿਆਨ ਕੀਤਾ ਹੈ ਸਾਇਦ ਹੀ ਕਿਸੇ ਹੋਰ ਸੂਫ਼ੀ ਕਵੀ ਨੇ ਕੀਤਾ ਹੋਵੇ। ਸੀ. ਐੱਫ਼ ਨਾਰੰਗ ਦੇ ਸ਼ਬਦਾਂ ਵਿਚ 'ਸੁਚੱਜੀ ਵਿਰਹਾ, ਰੂਹਾਨੀ ਉਦਾਸੀ, ਜੁਦਾਈ ਦੀਆਂ ਚੀਸਾਂ, ਜੋ ਸ਼ਾਹ ਹੁਸੈਨ ਦੀ ਕਵਿਤਾ ਵਿਚ ਮਿਲਦੀਆਂ ਹਨ, ਉਸ ਦਾ ਟਾਕਰਾ ਪੰਜਾਬੀ ਸੂਫ਼ੀ ਕਵਿਤਾ ਵਿੱਚ ਹੋਰ ਕਿਤੇ ਨਹੀਂ ਮਿਲਦਾ।"

## ਸੁਲਤਾਨ ਬਾਹੂ (1631-1691 ਈ.)

ਸੁਲਤਾਨ ਬਾਹੂ ਦਾ ਪੰਜਾਬੀ ਸੂਫ਼ੀ ਕਾਵਿ ਵਿੱਚ ਵਿਸ਼ੇਸ਼ ਸਥਾਨ ਹੈ।

ਡਾ. ਅਨਵਰ ਚਿਰਾਗ਼ ਲਿਖਦੇ ਹਨ,

'ਬਾ ਦਾ ਅਰਥ ਹੈ ਸਾਥ, ਨਾਲ ਅਤੇ
ਹੂ ਤੋਂ ਭਾਵ ਅਰਥ ਅੱਲਾਹ ਹੈ।
ਇਸ ਤਰ੍ਹਾਂ ਬਾਹੂ ਦਾ ਭਾਵ ਅਰਥ

ਹੈ। ਅੱਲਾਹ ਨਾਲ ਜਿੜਿਆ ਹੋਇਆ।

ਸੁਲਤਾਨ ਬਾਹੂ ਦੀ ਰਚਨਾ ਦੀ ਗਿਣਤੀ ਬਾਰੇ ਡਾ. ਲਾਜਵੰਤੀ ਰਾਮਾ ਕ੍ਰਿਸ਼ਨਾ ਨੇ ਤਾਰੀਖ-ਏ-ਸੁਲਤਾਨ ਬਾਹੂ ਦੇ ਹਵਾਲੇ ਨਾਲ ਸੁਲਤਾਨ ਬਾਹੂ ਦੀਆਂ ਅਰਬੀ-ਫ਼ਾਰਸੀ ਨਾਲ ਸੰਬੰਧਿਤ ਪੁਸਤਕਾਂ ਦੀ ਗਿਣਤੀ 140 ਦੱਸੀ ਹੈ। ਬਾਹੂ ਨੇ ਸਭ ਤੋਂ ਵੱਧ ਸੀਹਰਫ਼ੀ ਕਾਵਿ ਰੂਪ ਵਿਚ ਆਪਣੇ ਵਿਚਾਰ ਨੂੰ ਪ੍ਰਗਟਾਇਆ। ਸੀਹਰਫ਼ੀ ਤੋਂ ਇਲਾਵਾ ਦੋਹੜਿਆਂ ਦੀ ਰਚਨਾ ਵੀ ਕੀਤੀ। ਸੀਹਰਫ਼ੀ ਕਾਵਿ-ਰੂਪ ਦੀ ਪਛਾਣ 'ਹੂ' ਅੱਖਰ ਨਾਲ ਹੁੰਦੀ ਹੈ। ਬਾਹੂ ਨੇ ਪਰਮਾਤਮਾ ਦੀ ਸਰਬਵਿਆਪਕਤਾ, ਮੁਰਸ਼ਦ ਦਾ ਮਹੱਤਵ, ਇਸ਼ਕ ਦਾ ਸੰਕਲਪ, ਦੁਨੀਆਂ ਦੀ ਨਾਸ਼ਮਾਨਤਾ, ਫ਼ਕੀਰੀ ਅਤੇ ਤਿਆਗ ਆਦਿ ਵਿਸ਼ਿਆਂ ਨਾਲ ਸੰਬੰਧਿਤ ਕਾਵਿ-ਰਚਨਾ ਕੀਤੀ ਹੈ। ਜਿਵੇਂ →

ਸੀਨ-ਸੁਣ ਫ਼ਰਿਆਦ ਪੀਰਾ ਦਿਆ ਪੀਰਾ ਮੈਂ ਆਖ
ਸੁਣਾਵਾਂ ਕੇਹਨੂੰ ਹੂ।
ਤੇਰੇ ਜਿਹਾ ਮੈਨੂੰ ਹੋਰ ਨ ਕੋਈ ਮੈਂ ਜਿਹੀਆਂ ਲੱਖ
ਤੈਨੂੰ ਹੂ।
ਫੋਲ ਨਾ ਕਾਗਜ਼ ਬਦੀਆਂ ਵਾਲੇ ਦਰ ਤੋਂ ਧਕ ਨੇ ਮੈਨੂੰ
ਹੂ।
ਮੈਂ ਵਿੱਚ ਐਡ ਗੁਨਾਹ ਨਾ ਹੁੰਦੇ ਬਾਹੂ ਤੂੰ ਬਖ਼ਸ਼ੇਂਦੋਂ
ਕੇਹਨੂੰ ਹੂ।

## ਸ਼ਾਹ ਸ਼ਰਫ਼ ਬਟਾਲਵੀ (1640-1724) →

ਸ਼ਾਹ ਸ਼ਰਫ਼ ਬਟਾਲਵੀ ਕਾਦਰੀ ਸੰਪਰਦਾਇ ਨਾਲ ਸੰਬੰਧਿਤ ਪ੍ਰਸਿੱਧ ਸੂਫ਼ੀ ਕਵੀ ਸੀ। ਸ਼ਾਹ ਸ਼ਰਫ਼ ਇੱਕ ਫ਼ਕੀਰ ਬਿਰਤੀ ਵਾਲਾ ਕਵੀ ਸੀ। ਉਹ ਘਰ-ਸੰਸਾਰ ਤਿਆਗ ਕੇ ਫ਼ਕੀਰੀ ਧਾਰਨ ਕਰ ਲਈ ਸੀ। ਬਟਾਲਵੀ ਦੀ ਕਾਵਿ-ਰਚਨਾ ਦਾ ਵਧੇਰੇ ਵਿਸ਼ਾ ਰੱਬੀ ਇਸ਼ਕ ਸੀ। ਸ਼ਾਹ ਸ਼ਰਫ਼ ਦੀ ਰਚਨਾ ਸੰਬੰਧੀ।

## ਤਾਂ ਪਿਆਰਾ ਸਿੰਘ ਪਦਮ ਦਾ ਵਿਚਾਰ ਹੈ ਕਿ,

"ਪੰਜਾਬੀ ਸੂਫ਼ੀ ਕਾਵਿ ਆਪ ਦੀ ਰਚਨਾ ਅਨੁਸਾਰ ਸਾਡਾ ਵਿੱਚ ਸ਼ੁਰੂ ਹੁੰਦੀ ਹੈ। ਇਹਨਾਂ ਰਚਨਾਵਾਂ ਵਿੱਚ ਸ਼ਤਰਨਾਮਾ, ਦੋਹੜੇ, ਕਾਫ਼ੀਆਂ ਆਦਿ ਕਾਵਿ-ਰੂਪ ਹਨ।"

ਸ਼ਾਹ ਸ਼ਰਫ਼ ਬਟਾਲਵੀ ਨੇ ਰੱਬੀ ਇਸ਼ਕ ਦਾ ਰਾਹ ਬਹੁਤ ਕਠਿਨ ਦੱਸਿਆ ਹੈ। ਇਸ ਰਾਹ ਤੇ ਤੁਰਨ ਵਾਲੇ ਸਾਧਕ ਨੂੰ ਸੂਲਾਂ ਤਲੀ ਤੇ ਰੱਖਣੀ ਪੈਂਦੀ ਹੈ ਅਰਥਾਤ ਸਬਰ-ਸੰਤੋਖ ਨਾਲ ਹਰ ਮੁਸ਼ਕਿਲ ਦਾ ਸਾਹਮਣਾ ਕਰਨਾ ਪੈਂਦਾ ਹੈ।

ਮੈਂ ਸੀਆਂ ਬਿਨ ਪਲ ਨਾ ਵਿਸਰੇ ॥
ਜਿਉ ਜਲ ਬਿਨ ਮਛਲੀ ਤੜਫਾਵੇ ॥

**ਵਜੀਦ (1650-1716ਈ.)** ਵਜੀਦ ਨੇ ਪੰਜਾਬੀ ਸੂਫ਼ੀ ਕਾਵਿ ਸਾਹਿਤ ਨੂੰ ਸਲੋਕ ਕਾਫ਼ੀਆਂ, ਸਾਖੀਆਂ, ਤਰੀਕੇ ਅਲਿਫ਼ ਵਜੀਦ ਦੇ ਅਤੇ ਸੀਹਰਫ਼ੀਆਂ ਆਦਿ ਭੇਂਟ ਕੀਤੀਆਂ ਹਨ। ਉਸ ਦੀ ਰਚਨਾ ਦਾ ਮੂਲ ਵਿਸ਼ਾ ਰੱਬੀ ਰਜ਼ਾ ਹੈ, ਜਿਸ ਨੂੰ ਟਾਲਿਆ ਨਹੀਂ ਜਾ ਸਕਦਾ। ਖ਼ੁਦਾ ਨੂੰ ਜੋ ਚੰਗਾ ਲੱਗਦਾ ਹੈ, ਉਹ ਉਹੀ ਕਰਦਾ ਹੈ। ਉਹ ਕਿਸੇ ਦੀ ਨਹੀਂ ਸੁਣਦਾ। ਵਜੀਦ ਉਸ ਦੀ ਰਜ਼ਾ ਨੂੰ ਬਿਆਨ ਕਰਦਾ ਦਿਸਦਾ ਹੈ।

"ਇਕਨਾ ਦੇ ਘਰ ਪੁੱਤ, ਪੁੱਤਾਂ ਘਰ ਪੋਤਰੇ
ਇਕਨਾ ਘਰ ਧੀਆਂ, ਧੀਆਂ ਘਰ ਦੋਹਤਰੇ
ਇਕਨਾ ਘਰ ਇੱਕ ਤੇ ਉਹ ਵੀ ਜਾਇ ਮਰਿ
ਵਜੀਦਾ ਕੌਣ ਸਾਹਿਬ ਨੂੰ ਆਖੇ ਇਉਂ ਨਹੀਂ ਇਉਂ ਕਰ।"

## ਬੁੱਲ੍ਹੇ ਸ਼ਾਹ (1680-1758 ਈ): ਪੰਜਾਬੀ ਸੂਫ਼ੀ ਕਾਵਿ ਜਗਤ ਵਿੱਚ ਬੁੱਲ੍ਹੇ ਸ਼ਾਹ ਦੀ ਵਿਲੱਖਣ ਪਹਿਚਾਣ ਹੈ। ਬਾਬਾ ਫ਼ਰੀਦ ਵੱਲੋਂ ਆਰੰਭੀ ਸੂਫ਼ੀ ਕਾਵਿ ਧਾਰਾ ਨੂੰ ਸਿਖਰ ਤੱਕ ਪਹੁੰਚਾਉਣ ਵਾਲਾ ਸੂਫ਼ੀ ਕਵੀ ਬੁੱਲ੍ਹੇ ਸ਼ਾਹ ਸੀ। ਬੁੱਲ੍ਹੇ ਸ਼ਾਹ ਪ੍ਰਸਿੱਧ ਸੱਯਦ ਪਰਿਵਾਰ ਨਾਲ ਸੰਬੰਧਿਤ ਸੀ। ਉਸ ਦਾ ਮੁਰਸ਼ਦ ਸ਼ਾਹ ਇਨਾਇਤ ਸੀ। ਬੁੱਲ੍ਹੇ ਸ਼ਾਹ ਕਾਦਰੀ ਸੰਪਰਦਾਇ ਦਾ ਅਨੁਯਾਈ ਸੀ। ਉਹ ਉੱਚੇ ਸੱਯਦ ਘਰਾਣੇ ਦਾ ਹੋਣ ਕਾਰਨ ਵੀ ਮੁਰਸ਼ਦ ਤੇ ਰੱਬ ਦੀ ਖ਼ਾਤਰ ਲਈ ਘਰ-ਪਰਿਵਾਰ ਤਿਆਗ ਦਿੱਤਾ ਹੈ। ਉਸ ਨੂੰ ਦੁਨਿਆਵੀ ਸੁੱਖ ਨਹੀਂ ਭਾਉਂਦੇ ਸਨ ਕਿਉਂਕਿ ਉਸ ਦੀ ਰੂਹ ਖ਼ੁਦ-ਖ਼ੁਦਾ ਦੇ ਪਿਆਰ ਲਈ ਪਿਆਸੀ ਸੀ। ਦੂਜੇ ਪਾਸੇ ਉਸ ਦਾ ਮੁਰਸ਼ਦ ਅਰਾਈਂ ਜਾਤ ਦਾ ਸੀ ਤੇ ਉਹ ਸੱਯਦ ਸੀ। ਉਸਨੇ ਲੋਕਾਂ ਦੀ ਕੋਈ ਪਰਵਾਹ ਨਾ ਕੀਤੀ। ਉਸ ਮੁਰਸ਼ਦ ਦੇ ਰੰਗ ਵਿੱਚ ਰੰਗਿਆ ਜਾਪਦਾ ਹੈ।

ਜਿਵੇਂ ਬੁੱਲ੍ਹੇ ਦੀ ਸੂਫ਼ੀ ਕਵਿਤਾ ਅਨੁਸਾਰ

ਜਿਹੜਾ ਸਾਨੂੰ ਸੱਯਦ ਆਖੇ ਦੋਜ਼ਖ ਮਿਲਣ ਸਜਾਈਆਂ ॥
ਜਿਹੜਾ ਸਾਨੂੰ ਰਾਈਂ ਆਖੇ ਬਹਿਸ਼ਤੀ ਪੀਂਘਾਂ ਪਾਈਆਂ ॥

### ਬੁੱਲ੍ਹੇ ਸ਼ਾਹ ਦੀ ਸੂਫ਼ੀ ਕਾਵਿ ਰਚਨਾ ਬਾਰੇ ਡਾ. ਬਿਕਰਮ ਸਿੰਘ ਘੁੰਮਣ ਲਿਖਦੇ ਹਨ ਕਿ :→

"ਕਾਦਰੀ ਸੰਪਰਦਾਇ ਨਾਲ ਸੰਬੰਧਿਤ ਬੁੱਲ੍ਹੇ ਸ਼ਾਹ ਦੀਆਂ ਲਗਭਗ 156 ਕਾਫ਼ੀਆਂ, 49 ਦੋਹੜੇ, 40 ਗੰਢਾਂ, 3 ਸੀਹਰਫ਼ੀਆਂ, ਬਾਰਾਂਮਾਹ, ਅਠਵਾਰਾ ਆਦਿ ਕਾਵਿ-ਰੂਪਾਂ ਵਿੱਚ ਉਪਲਬਧ ਹਨ।"

ਬੁੱਲ੍ਹੇ ਸ਼ਾਹ ਦੀ ਕਾਵਿ-ਰਚਨਾ ਵਿਸ਼ੇ ਪੱਖੋਂ ਇਸ਼ਕ ਦੇ ਸੰਕਲਪ, ਮੁਰਸ਼ਦ ਪ੍ਰੇਮ, ਪ੍ਰਮਾਤਮਾ ਦਾ ਸਰੂਪ, ਧਾਰਮਿਕ ਕਰਮ-ਕਾਂਡਾਂ ਦਾ ਖੰਡਨ, ਸਮਕਾਲੀਨ ਆਰਥਿਕ, ਸਮਾਜਕ ਅਤੇ ਰਾਜਸੀ ਸਥਿਤੀ ਆਦਿ ਨਾਲ ਸਬੰਧਿਤ ਹੈ।

**ਅਲੀ ਹੈਦਰ (1690-1785 ਈ.)** ਅਲੀ ਹੈਦਰ ਵੀ ਕਾਦਰੀ ਸੰਪਰਦਾਇ ਨਾਲ ਸੰਬੰਧਿਤ ਸੂਫ਼ੀ ਕਵੀ ਸੀ। ਅਲੀ ਹੈਦਰ ਨੇ ਸੀਹਰਫ਼ੀਆਂ ਕਾਫ਼ੀਆਂ ਅਤੇ ਵਾਰਤਾਲਾਪ (ਗੁਫ਼ਤਗੂ) ਆਦਿ ਕਾਵਿ ਰੂਪਾਂ ਦੀ ਰਚਨਾ ਕੀਤੀ।

ਡਾ. ਜਗਬੀਰ ਸਿੰਘ ਜਿਨ੍ਹਾਂ ਉਸ ਦੀ ਰਚਨਾ ਦੇ ਵਿਸ਼ਿਆਂ ਸੰਬੰਧੀ ਲਿਖਦੇ ਹਨ ਕਿ :→

"ਉਸ ਦੀ ਕਾਵਿ-ਰਚਨਾ ਵਿੱਚ ਪੂਰਵਵਰਤੀ ਸੂਫ਼ੀ ਕਵੀਆਂ ਵਾਂਗ 'ਇਸ਼ਕ' ਦੀ ਪ੍ਰਧਾਨਤਾ ਹੈ। ਉਸਦਾ ਪ੍ਰਥਮ ਕੇਂਦਰ ਰੱਬ-ਪ੍ਰਾਪਤੀ ਹੈ। ਉਸ ਦੀ ਰਚਨਾ ਸੂਫ਼ੀਵਾਦ ਦੇ ਸਾਰੇ ਪੱਖਾਂ ਦਾ ਅਨੁਭਵ ਕਰਦੀ ਹੈ। ਜਿਵੇਂ ਇਸ਼ਕ ਤੌਹੀਦ, ਇਸਤਗਫ਼ਾਰ, ਸੂਫ਼ੀ ਤੇ ਸਰੀਅਤ ਤਪਦਪ ਆਦਿ।"

ਅਲੀ ਹੈਦਰ ਦੀ ਕਾਵਿ-ਰਚਨਾ ਦੀ ਉਦਾਹਰਨ ਇਸ ਤਰ੍ਹਾਂ ਹੈ।

ਆਸ਼ਿਕ ਸਜਦੇ ਤੇ ਤਰ ਤਰ ਕਰਦੇ,
ਖ਼ੂਨ ਜਿਗਰ ਪਾਣੀਆਂ ਵਾਂਗ ਵਾਗ ਕਰੇ।
ਸੁਲਤਾਨ ਜੁਦਿਆਈ ਦਾ ਤਖ਼ਤ ਪੱਕੇ ਅਤੇ ਸੰਗ
ਸਖਿਆਣੀ ਵਿਆਹ ਕਰੇ।
ਜਿਨ੍ਹਾਂ ਆਪਣਾ ਆਪ ਮਾਰਿਆ ਏ ਹੈਦਰ,
ਉਹੀ ਅੱਲ੍ਹਾ ਦੀ ਕੀ ਪਰਵਾਹ ਕਰੇ।

**ਫ਼ਕਰ ਫ਼ਕੀਰ (1720-1790 ਈ.)** ਅਲੀ ਹੈਦਰ ਤੋਂ ਬਾਅਦ ਸੂਫ਼ੀ ਕਾਵਿ ਧਾਰਾ ਦੀ ਵਿਕਾਸ ਰੇਖਾ ਨੂੰ ਅੱਗੇ ਤੋਰਨ ਵਾਲਾ ਸੂਫ਼ੀ ਕਵੀ ਫ਼ਕਰ ਫ਼ਕੀਰ ਹੈ। "ਆਪ ਦੀਆਂ ਕਿਰਤਾਂ ਵਿਚ ਰੌਸ਼ਨ ਦਿਲ ਸੀਹਰਫ਼ੀ ਬਾਰਾਂਮਾਹ, ਕਸਬਨਾਮਾ, ਧਾਂ ਕਿਸ਼ਨਾ ਬਸ਼ਖ਼ਨਾਮਾ, ਰੁਬਾਈਆਂ ਆਦਿ ਕਾਵਿ-ਰੂਪਾਂ ਵਿਚ ਉਪਲਬਧ ਹਨ" ਇਸ ਸੂਫ਼ੀ ਕਵੀ

ਦੇ ਸਮਕਾਲੀ ਹਾਲਾਤ ਅਸ਼ਾਂਤੀ ਭਰੇ ਸਨ ਕਿਉਂਕਿ ਇਤਿਹਾਸ ਗਵਾਹ ਹੈ ਕਿ ਇਸ ਸੂਬੇ ਅਹਿਮਦ ਸ਼ਾਹ ਅਬਦਾਲੀ ਅਤੇ ਨਾਦਰ ਸ਼ਾਹ ਦੇ ਹਮਲਿਆਂ ਨੇ ਪੰਜਾਬ ਵਿਚ ਹਨੇਰਗਰਦੀ ਮਚਾ ਕੇ ਸ਼ਾਂਤੀ ਭੰਗ ਕੀਤੀ ਹੋਈ ਸੀ। ਫ਼ਰਦ ਫ਼ਕੀਰ ਦੀ ਕਾਵਿ-ਰਚਨਾ ਵਿੱਚ ਇਸਲਾਮੀ ਵਿਚਾਰ ਧਾਰਾ ਦਾ ਪ੍ਰਤੱਖ ਪ੍ਰਭਾਵ ਉਜਾਗਰ ਹੁੰਦਾ ਹੈ। ਭਾਸ਼ਾ-ਸ਼ੈਲੀ ਅਰਬੀ-ਫ਼ਾਰਸੀ ਤੋਂ ਸੁਗਾਹਰੇਦਾਰ ਹੈ।

ਰਾਜ਼ਸ ਹੋ ਕੇ ਰਾਜ਼ੀਓ, ਪਾਤ ਸ਼ੁਕਰ ਕਰਾਇ
ਮੰਗਨਤੀਆਂ ਨੂੰ ਦੇਸੀ ਆਖਣ, ਸ਼ੁਕਰ ਉਨ੍ਹਾਂ ਦੇ ਜਾਏ।

**ਹਾਸ਼ਮ ਸ਼ਾਹ (1753-1823 ਈ.) :→** ਹਾਸ਼ਮ ਸ਼ਾਹ ਕਾਦਰੀ ਸੰਪਰਦਾਇ ਦਾ ਉੱਚ ਕੋਟੀ ਦਾ ਸੂਫ਼ੀ ਕਵੀ ਹੋਇਆ। "ਸੱਸੀ-ਪੁੰਨੂੰ, ਹੀਰ-ਰਾਂਝਾ, ਸੋਹਣੀ-ਮਹੀਂਵਾਲ, ਸ਼ੀਰੀਂ-ਫ਼ਰਿਹਾਦ, 208 ਦੋਹੜੇ, 7 ਸਿਹਰਫ਼ੀਆਂ ਅਤੇ ਸੀਹਰਫ਼ੀਆਂ ਅਤੇ ਮੁਨਾਜਾਤਾਂ ਆਦਿ ਹਾਸ਼ਮ ਸ਼ਾਹ ਦੀਆਂ ਰਚਨਾਵਾਂ ਉਪਲਬਧ ਹੋਈਆਂ ਹਨ।" ਹਾਸ਼ਮ ਦੀ ਸਮੁੱਚੀ ਕਾਵਿ ਰਚਨਾ ਦਾ ਵਿਸ਼ਾ 'ਇਸ਼ਕ' ਹੈ। ਉਸ ਨੇ ਇਸ਼ਕ ਮਜਾਜ਼ੀ ਤੇ ਹਕੀਕੀ ਦੋਹਾਂ ਸੰਕਲਪਾਂ ਤੇ ਕਲਮ ਅਜ਼ਮਾਈ ਹੈ। ਇਸ ਦੇ ਨਾਲ ਉਸਨੇ ਸਮਾਜ ਤੇ ਕਾਦਰ ਸੰਸਾਰ ਦੀ ਨਾਸ਼ਮਾਨਤਾ, ਸਰੀਰ ਦੀ ਨਾਸ਼ਮਾਨਤਾ, ਮੁਰਸ਼ਦ ਦੀ ਟੇਕ, ਪ੍ਰਭੂ ਦੀ ਹੋਂਦ, ਨੇਕ ਦੀ ਪਛਾਣ ਅਤੇ ਬਿਰਹਾ ਆਦਿ ਵਿਸ਼ਿਆਂ ਨੂੰ ਵੀ ਕਾਵਿ ਰਚਨਾ ਦੇ ਰੂਪ ਵਿੱਚ ਰਕਮਬੱਧ ਕੀਤਾ ਹੈ ਜਿਵੇਂ →

ਕਾਮਲ ਸ਼ੌਕ ਮਾਹੀ ਦਾ ਮੈਨੂੰ,
ਨਿੱਤ ਰਹੇ ਜਿਗਰ ਵਿਚ ਵਸਦਾ, ਲੂੰ ਲੂੰ ਰਸਦਾ।
ਰਾਫ਼ਤੂ ਪੈਰਵਾਹੀ ਕਰਦਾ,
ਕੋਈ ਹਰਫ਼ ਨਾ ਦੱਸਦਾ, ਉਠ ਉਠ ਨੱਸਦਾ।
ਜਿਉਂ ਜਿਉਂ ਹਾਲ ਸੁਣਾਵਾਂ ਰੋਵਾਂ,
ਦੇਖ ਤੱਤੀ ਵੱਲ ਹੱਸਦਾ, ਪਾਸ ਨਾ ਦੱਸਦਾ।

**ਪੀਰ ਸ਼ਾਹ ਜਲੰਧਰੀ (1840-1914 ਈ.)** ਇਕ ਸੂਫ਼ੀ ਕਵੀ

ਚਿਸ਼ਤੀ ਸੰਪਰਦਾਇ ਨਾਲ ਸੰਬੰਧਿਤ ਸੀ।

## ਗੁਲਜ਼ਾਰ ਸਿੰਘ ਕੰਗ ਅਨੁਸਾਰ :→

"ਪੰਜਾਬੀ ਵਿੱਚ ਇਸ ਨੇ ਹੀਰ-ਰਾਂਝਾ, ਮਿਰਜ਼ਾ ਸਾਹਿਬਾਂ, ਸੋਹਣੀ ਮਹੀਂਵਾਲ ਵਰਗੇ ਕਿੱਸੇ ਪਰ ਇਸ ਦੀ ਸਭ ਤੋਂ ਪ੍ਰਸਿੱਧ ਤੇ ਸੂਫ਼ੀ ਫਲਸਫ਼ੇ ਨਾਲ ਭਰਪੂਰ ਪੁਸਤਕ ਰੁਬਾਈਆਤ ਹਾਸ਼ਮ ਸ਼ਾਹ ਹੈ। ਰੁਬਾਈਆਤ ਹਾਸ਼ਮ ਸ਼ਾਹ ਦਾ ਪ੍ਰਧਾਨ ਸੁਰ ਇਸ਼ਕ ਹਕੀਕੀ ਹੈ। ਗੁਲਦਸਤਾ ਹਾਸ਼ਮ ਸ਼ਾਹ, ਦੋਹੜਿਆਤ ਹਾਸ਼ਮ ਸ਼ਾਹ ਹਨ।

ਉਕਤ ਤੋਂ ਇਲਾਵਾ ਇਸ ਸੂਫ਼ੀ ਕਵੀ ਨੇ ਦੋਹੜਿਆਂ, ਸੀਹਰਫ਼ੀਆਂ, ਗ਼ਜ਼ਲਾਂ, ਬਾਰਾਂਮਾਹ, ਮਸਨਵੀਆਂ, ਡਿਉਢਾਂ ਅਤੇ ਬੈਂਤਾਂ ਦੀ ਰਚਨਾ ਵੀ ਕੀਤੀ ਹੈ। ਇਸ ਕਵੀ ਦੀ ਸਮੁੱਚੀ ਕਾਵਿ-ਰਚਨਾ ਦਾ ਵਿਸ਼ਾ ਅਧਿਆਤਮਿਕ ਉਪਦੇਸ਼ ਇਸ਼ਕ ਨਾਲ ਸੰਬੰਧਿਤ ਹੈ, ਜਿਵੇਂ :→

ਜਾਂਦੇ ਸਹੀਓ ਰਾਹੀ ਪਾਸ ਸੱਜਣ ਦੇ, ਹਾਲ ਕਰੇ ਇਜ਼ਹਾਰ ਸੱਜਣਾ।
ਮੁੱਦਤਾਂ ਹੋਈਆਂ ਨਜ਼ਰ ਨਾ ਆਇਆ, ਜਿਉ ਸੱਜਣਾ ਦਿਲਦਾਰ ਸੱਜਣਾ।

## ਗ਼ੁਲਾਮ ਫ਼ਰੀਦ ਚਾਚੜਾਂ (1845-1901ਈ.) :→

ਗ਼ੁਲਾਮ ਫ਼ਰੀਦ ਚਿਸ਼ਤੀ ਸੰਪਰਦਾਇ ਨਾਲ ਸੰਬੰਧਿਤ ਮਹਾਨ ਸੂਫ਼ੀ ਸੀ। ਗ਼ੁਲਾਮ ਫ਼ਰੀਦ ਸਭ ਤੋਂ ਵੱਧ ਕਾਫ਼ੀਆਂ ਲਿਖਣ ਵਾਲਾ ਸੂਫ਼ੀ ਕਵੀ ਹੈ। ਉਸਦੇ 272 ਕਾਫ਼ੀਆਂ ਅਤੇ 72 ਦੋਹੜੇ ਲਿਖੇ ਹਨ। ਉਸ ਦੀ ਰਚਨਾ ਬਿਰਹਾ, ਇਸ਼ਕ ਹਕੀਕੀ, ਸੁੰਦਰਤਾ ਦਾ ਸੱਤਵ, ਰੱਬ ਦੀ ਸਰਬ ਵਿਆਪਕਤਾ, ਸੰਸਾਰ ਦੀ ਨਾਸ਼ਮਾਨਤਾ ਅਤੇ ਫ਼ਕੀਰੀ ਆਦਿ ਵਿਸ਼ਿਆਂ ਨਾਲ ਸੰਬੰਧਿਤ ਹੈ। ਗ਼ੁਲਾਮ ਫ਼ਰੀਦ ਨੇ ਆਪਣੇ ਵਿਚਾਰਾਂ ਨੂੰ ਮੁਲਤਾਨੀ

ਫਾਰਸੀ ਉਰਦੂ ਆਦਿ ਸ਼ਬਦਾਵਲੀ ਰਾਹੀਂ ਪ੍ਰਸਤੁਤ ਕੀਤਾ ਹੈ। ਮਤਲਾ-ਪ੍ਰਸਤਾਵਨਾ ਦੇ ਸੰਦਰਭ ਵਿਚ ਹੀਰ-ਰਾਂਝਾ, ਸੋਹਣੀ-ਮਹੀਂਵਾਲ, ਸੱਸੀ ਪੁੰਨੂੰ, ਲੈਲਾ ਮਜਨੂੰ ਆਦਿ ਪ੍ਰੀਤ ਨਾਇਕਾਂ ਨੂੰ ਪ੍ਰਤੀਕ ਬਣਾ ਕੇ ਪੇਸ਼ ਕੀਤਾ ਹੈ।

ਉਕਤ ਸੂਫ਼ੀ ਕਵੀਆਂ ਤੋਂ ਇਲਾਵਾ ਗ਼ੁਲਾਮ ਜੀਲਾਨੀ ਰੋਹਤਕੀ, ਸੱਯਦ ਕਰਮ ਅਲੀ ਸ਼ਾਹ, ਸ਼ਾਹ ਮੁਰਾਦ, ਗ਼ੁਲਾਮ ਮੁਸਤਫ਼ਾ ਆਦਿ ਸੂਫ਼ੀ ਕਵੀਆਂ ਨੇ ਸੂਫ਼ੀਵਾਦ ਦੇ ਇਤਿਹਾਸ ਨੂੰ ਵਿਕਸਿਤ ਕਰਨ ਵਿਚ ਆਪਣਾ-ਆਪਣਾ ਯੋਗਦਾਨ ਪਾਇਆ।

ਇਸ ਤਰ੍ਹਾਂ ਬਾਬਾ ਫ਼ਰੀਦ ਵੱਲੋਂ ਚਲਾਈ ਸੂਫ਼ੀ ਕਾਵਿ ਧਾਰਾ ਨੂੰ ਉਕਤ ਵਰਣਿਤ ਸੂਫ਼ੀ ਕਵੀਆਂ ਨੇ ਵਿਕਸਿਤ ਕਰਨ ਵਿੱਚ ਬਹੁਤ ਯੋਗਦਾਨ ਪਾਇਆ। ਇਨ੍ਹਾਂ ਸੂਫ਼ੀ ਕਵੀਆਂ ਨੇ ਸ਼ਬਦ, ਸਲੋਕ, ਕਾਫ਼ੀਆਂ, ਸੀਹਰਫ਼ੀਆਂ, ਬਾਰਾਮਾਹ, ਸਤਵਾਰਾ, ਅਠਵਾਰਾ, ਦੋਹੜੇ, ਗੰਢਾਂ, ਡਿਓਢਾ, ਤੁਕੀਏ ਆਦਿ ਕਾਵਿ ਰੂਪਾਂ ਰਾਹੀਂ ਆਪਣੇ ਸੂਫ਼ੀ ਵਿਚਾਰ ਅਭਿਵਿਅਕਤ ਕਰਨ ਦਾ ਸਫਲ ਉਪਰਾਲਾ ਕੀਤਾ ਹੈ। ਇਸ ਤਰ੍ਹਾਂ ਪੰਜਾਬੀ ਸਾਹਿਤ ਇਤਿਹਾਸ ਵਿਚ ਸੂਫ਼ੀ ਕਾਵਿ ਧਾਰਾ ਇੱਕ ਅਮੀਰ ਤੇ ਗੌਰਵਸ਼ਾਲੀ ਕਾਵਿ ਧਾਰਾ ਇੱਕ ਅਮੀਰ ਤੇ ਗੌਰਵਸ਼ਾਲੀ ਕਾਵਿ ਧਾਰਾ ਵਜੋਂ ਆਪਣੀ ਵਿਲੱਖਣ ਪਛਾਣ ਦੀ ਮਾਲਕ ਹੈ। ਇਨੀਆਂ ਸਦੀਆਂ ਤੋਂ ਬਾਅਦ ਵੀ ਸੂਫ਼ੀ ਕਾਵਿ ਉਹੀ ਸਾਰਥਕਤਾ ਦਾ ਪ੍ਰਮਾਣ ਹੈ ਜੋ ਇਸ ਦੇ ਰਚਨਾ ਕਾਲ ਸਮੇਂ ਇਸ ਨੂੰ ਪ੍ਰਾਪਤ ਹੈ। ਸੋ ਨਿਰਸੰਦੇਹ ਕਹਿ ਸਕਦੇ ਹਾਂ ਕਿ ਪੰਜਾਬੀ ਸੂਫ਼ੀ ਕਾਵਿ 'ਅਮਰ ਕਾਵਿ' ਹੈ।